# ਸ਼ਬਦ - ਰਚਨਾ

ਸ਼ਬਦ ਕਈ ਵਿਧੀਆਂ ਨਾਲ ਰਚੇ ਜਾਂਦੇ ਹਨ। ਸ਼ਬਦਾਂ ਦੀ ਰਚਨਾ ਤੋਂ ਭਾਵ ਵਧੇਤਰ ਜੋੜ ਕੇ ਨਵੇਂ ਸ਼ਬਦ ਸਿਰਜਣਾ ਤੋਂ ਹੈ। ਧਾਤੂ ਜਾਂ ਮੂਲ ਸ਼ਬਦ ਦਾ ਅਸਲ ਹੁੰਦਾ ਹੈ। ਇਸ ਨੂੰ ਹੋਰ ਵੰਡਿਆ ਨਹੀਂ ਜਾ ਸਕਦਾ, ਜਿਵੇਂ:- ਸੁਣ, ਕਰ, ਜਾ, ਖਾ, ਮੁੜ, ਲਟਕ, ਦੌੜ ਆਦਿ। ਪਰੰਤੂ ਸਾਰੇ ਧਾਤੂ ਜਾਂ ਮੂਲ ਸ਼ਬਦ ਦਾ ਦਰਜਾ ਵੀ ਰੱਖਦੇ ਹਨ। ਜਿਵੇਂ:-

- ਤੂੰ ਕੰਮ ਕਰ।
- ਸੁਣ ਘਰਾਂ ਜਾ ਕੇ।
- ਰੋਟੀ ਖਾ ਲੈ।

ਇਨ੍ਹਾਂ ਵਾਕਾਂ ਵਿੱਚ ਕਰ, ਸੁਣ, ਜਾ, ਖਾ, ਧਾਤੂ ਹਨ। ਪਰ ਸੁਤੰਤਰ ਸ਼ਬਦ ਦੀ ਹੋਂਦ ਵੀ ਰੱਖਦੇ ਹਨ। ਪਰ ਲਟਕ, ਦੌੜ ਅਜਿਹੇ ਧਾਤੂ ਹਨ ਜਿਨ੍ਹਾਂ ਦੀ ਭਾਸ਼ਾ ਦੀ ਵਰਤੋਂ ਪਿਛੇਤਰ ਤੋਂ ਬਿਨਾਂ ਨਹੀਂ ਹੋ ਸਕਦੀ। ਸਾਰੇ ਧਾਤੂਆਂ ਤੋਂ ਸ਼ਬਦ ਰਚਨਾ ਹੋ ਸਕਦੀ ਹੈ। ਸ਼ਬਦ ਰਚਨਾ ਲਈ ਭਾਸ਼ਿਕ ਤੱਤ ਦੋ ਤਰ੍ਹਾਂ ਕਾਰਜਸ਼ੀਲ ਹੁੰਦੇ ਹਨ।

1. ਆਪਣੇ ਅਰਥ ਵਾਚਕ ਸਾਰਥਕ
2. ਵਿਆਕਰਨਕ ਕਾਰਜ ਵਾਚਕ ਸਾਰਥਕ

ਧਾਤੂ ਆਪਣੇ ਅਰਥ ਸੰਕੇਤ ਕਰਕੇ ਸਾਰਥਕ ਹੁੰਦਾ ਹੈ। ਲਟਕ, ਕਰ, ਦੌੜ, ਪੜ੍ਹ ਆਦਿ ਧਾਤੂਆਂ ਦਾ ਆਪਣਾ ~~ਹੀ~~ ਅਰਥ ਹੈ। ਇਹ ਭਾਸ਼ਕ ਤੱਤ ਕਿਸੇ ਵਿਅਕਤੀ, ਕਿਸੇ ਵਸਤੂ, ਪਸ਼ੂ ਜਾਂ ਕਾਰਜ ਵੱਲ ਸੰਕੇਤ ਕਰ ਰਹੇ ਹਨ। ਇਸ ਪ੍ਰਸੰਗ ਵਿੱਚ ਇਹਨਾਂ ਦਾ ਕੋਈ ਅਰਥ ਹੁੰਦਾ ਹੈ।

ਇਨ੍ਹਾਂ ਨਾਲ ਪਿਛੇਤਰ ਜੋੜ ਕੇ ਲੜਕਾ, ਘੋੜੇ, ਘੋੜਾ, ਕਰ ਸ਼ਬਦਾਂ ਦਾ ਨਿਰਮਾਣ ਹੁੰਦਾ ਹੈ, ਜਿਨ੍ਹਾਂ ਦਾ ਆਪਣਾ ਸੁਤੰਤਰ ਅਰਥ ਹੈ।

ਵਿਚਲੇ ਭਾਸ਼ਕ ਤੱਤ ਵਿਆਕਰਨ ਕਾਰਨ ਸਾਰਥਕ ਹੁੰਦੇ ਹਨ। ਉਹਨਾਂ ਦਾ ਕੋਈ ਸੰਕੇਤਕ ਅਰਥ ਨਹੀਂ ਹੁੰਦਾ ਜਾਂ ਇਉਂ ਕਹਿ ਸਕਦੇ ਹਾਂ ਕਿ ਇਹ ਤੱਤ ਆਪਣੇ ਆਪ ਵਿੱਚ ਅਰਥਪੂਰਨ ਨਹੀਂ ਹੁੰਦੇ। ਇਹ ਤੱਤ ਨਵੇਂ ਸ਼ਬਦ ਰਚਨਾ ਲਈ ਜਾਂ ਇੱਕ ਤੋਂ ਦੂਜੇ ਸ਼ਬਦ ਪਰਿਵਰਤਨ ਸਿਰਜਨ ਲਈ ਜਾਂ ਇਸ ਸ਼ਬਦ ਵਿਕਾਰ ਲਈ ਧਾਤੂ ਜਾਂ ਸ਼ਬਦ ਮੂਲ ਨਾਲ ਲਗਾਏ ਜਾਂਦੇ ਹਨ। ਜਿਵੇਂ:-

ਲਾ - ਅਖੀਰਲਾ, ਵਿਚਕਾਰਲਾ
ਆ - ਘੋੜਾ, ਲੜਕਾ, ਮੁੰਡਾ, ਸੋਟਾ
ਨੀ - ਸ਼ੇਰਨੀ, ਲੰਬੜਦਾਰਨੀ, ਠਾਣੇਦਾਰਨੀ
ਨੀ - ਕਰਨੀ, ਫੜਨੀ, ਘੜਨੀ (ਕਿਰਿਆਈ ਮੂਲ ਤੋਂ ਕਿਰਦੰਤ ਬਣਾਉਣ ਲਈ)
ਅਕ - ਲੇਖਕ, ਪਾਠਕ

ਇਹਨਾਂ ਉਦਾਹਰਨਾਂ ਵਿੱਚ ਲਾ, ਆ, ਨੀ, ਅਕ ਆਦਿ ਪਿਛੇਤਰ ਆਏ ਹਨ। ਇਹਨਾਂ ਸ਼ਬਦਾਂ ਦਾ ਕੋਈ ਨਾ ਕੋਈ ਵਿਆਕਰਨਕ ਕਾਰਜ ਹੈ।
'ਲਾ' ਦੇ ਨਾਲ ਕੰਨਾ ਲੱਗਾ ਕੇ ਕਿਰਿਆ ਵਿਸ਼ੇਸ਼ਣ ਤੋਂ ਵਿਸ਼ੇਸ਼ਣਵਾਚੀ ਹੋਈ ਹੈ।
'ਆ' ਅ ਨਾਲ ਕੰਨਾ ਲਗਾ ਕੇ ਧਾਤੂ ਤੋਂ ਇੱਕ ਵਚਨ ਪੁਲਿੰਗ ਨਾਂਵ ਸ਼ਬਦਾਂ ਦੀ ਰਚਨਾ ਹੋਈ ਹੈ।
'ਅਕ' ਭਾਸ਼ਕ ਤੱਤ ਨਾਲ ਕਿਰਿਆ ਤੋਂ ਨਾਂਵ ਸ਼ਬਦ ਦੀ ਰਚਨਾ ਹੋਈ ਹੈ।
'ਨੀ' ਤੱਤ ਨਾਲ ਪੁਲਿੰਗ ਤੋਂ ਇਸਤਰੀ ਲਿੰਗ ਦੀ ਸਿਰਜਨਾ ਹੋਈ ਹੈ।
ਦੂਸਰੇ 'ਨੀ' ਨਾਲ ਮੂਲ ਤੋਂ ਕਿਰਦੰਤ ਦੀ ਰਚਨਾ ਹੋਈ ਹੈ।

ਜੇ ਉਪਰੋਕਤ ਦੇ ਤਰ੍ਹਾਂ ਦੇ ਤੱਤ ਭਾਸ਼ਾ ਦੇ ਸ਼ਬਦਾਂ ਦੀ ਰਚਨਾ ਕਰਦੇ ਹਨ। ਇਹ ਤੱਤ ਸ਼ਬਦਾਂ ਦੀ ਅਰਥ ਪ੍ਰਤੀਤੀ ਦੀ ਕਰਾਉਂਦੇ ਹਨ। ਇਹਨਾਂ ਬਾਅਦ ਤੱਤਾਂ ਨਵੀਂ ਸ਼ਬਦ ~~[illegible]~~ ਭਾਵੰਸ਼ ਵਰਤਿਆ ਜਾਂਦਾ ਹੈ। ਭਾਵੰਸ਼ ਰਚਨਾਤਮਕ ਕਾਰਜ ਕਰਨ ਵਾਲਾ ਬਾਅਦ ਤੱਤ ਹੈ। ਸ਼ਬਦਾਂ ਦੀ ਰਚਨਾ ਭਾਵੰਸ਼ਾਂ ਰਾਂਹੀ ਹੁੰਦੀ ਹੈ। ਹਰ ਸ਼ਬਦ ਵਿੱਚ ਇੱਕ ਜਾਂ ਇੱਕ ਤੋਂ ਵੱਧ ਭਾਵੰਸ਼ ਹੋਣ ਦੀ ਸੰਭਾਵਨਾ ਹੁੰਦੀ ਹੈ, ਅਗੇਤਰ ਜਾਂ ਪਿਛੇਤਰ ਜੋੜ ਕੇ ਉਸ ਤੋਂ ਨਵੇਂ ਸ਼ਬਦਾਂ ਦੀ ਘਾੜਤ ਘੜੀ ਜਾਂਦੀ ਹੈ।

ਪੰਜਾਬੀ ਸ਼ਬਦ ਬਣਤਰ ਵਿੱਚ ਧਾਤੂਆਂ ਨਾਲ ਅਗੇਤਰ ਜਾਂ ਪਿਛੇਤਰ ਜੋੜ ਕੇ ਜਾਂ ਇਕ ਹੋਰ ਧਾਤੂ ਨੂੰ ਪਿਛੇਤਰ ਜੋੜ ਕੇ ਨਵੀਂ ਸ਼ਬਦ ਰਚਨਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪੰਜਾਬੀ ਸ਼ਬਦ ਰਚਨਾ ਵਿੱਚ ਧਾਤੂ ਜਾਂ ਸ਼ਬਦ ਮੂਲ ਤਿੰਨ ਤਰ੍ਹਾਂ ਕਾਰਜਸ਼ੀਲ ਹੁੰਦੇ ਹਨ —

1. ਇਕਹਿਰੇ ਸ਼ਬਦ ਮੂਲ
2. ਸਮਾਸੀ ਸ਼ਬਦ ਮੂਲ
3. ਦੋਹਰਾਵੇਂ ਸ਼ਬਦ ਮੂਲ

1) ਇਕਹਿਰੇ ਸ਼ਬਦ ਮੂਲ:- ਧਾਤੂ / ਸ਼ਬਦ ਮੂਲਾਂ ਦਾ ਇੱਕ ਵਰਗ ਆਉਂਦਾ ਹੈ ਜਿਹੜਾ ਧਾਤੂ ਹੋਇਆਂ ਸ਼ਬਦ ਦੀ ਦੀ ਰੱਖਦਾ ਹੈ। ਜਿਵੇਂ :- ਮਰ ਜਾ, ਆ, ਲਿਖ, ਪੜ੍ਹ ਆਦਿ ਸ਼ਬਦ ਵਿਆਕਰਨਕ ਪੱਖੋਂ ਧਾਤੂ ਹਨ, ਪਰ ਨਾਲੇ ਆਪਣੇ ਇਹ ਸ਼ਬਦ ਵੀ ਹਨ। ਸੰਸਕ੍ਰਿਤ ਵਿਆਕਰਨ ਵਿੱਚ ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਅਤੇ ਕਿਰਿਆਵੀ ਸ਼ਬਦ ਮੂਲਾਂ ਨੂੰ ਪਿਛੇਤਰ ਦੇ ਰੱਖਿਆ ਜਾਂਦਾ ਹੈ। ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ

ਦੇ ਸ਼ਬਦ ਰੂਪਾਂ ਨੂੰ 'ਪ੍ਰਾਤਿਪਦਿਕ' ਕਿਹਾ ਜਾਂਦਾ ਹੈ ਅਤੇ ਇਨ੍ਹਾਂ ਤੋਂ ਬਣਨ ਵਾਲੇ ਸ਼ਬਦ ਰੂਪਾਂਤਰਾਂ ਨੂੰ 'ਸਾਧਿਤ' ਆਖਿਆ ਜਾਂਦਾ ਹੈ ਅਤੇ ~~ਇਨ੍ਹਾਂ ਤੋਂ ਬਣਨ ਵਾਲੇ ਸ਼ਬਦ ਨੂੰ~~ ਕਿਰਿਆਵੀ ਸ਼ਬਦ ਰੂਪਾਂ ਲਈ 'ਧਾਤੂ' ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਦੇ ਸਾਧਾਰਨ ਜਾਂ ਇੱਕਹਰੇ ਸ਼ਬਦ ਰੂਪਾਂ ਲਈ ਵਰਤਿਆ ਗਿਆ ਹੈ।

2) **ਸਮਾਸੀ ਸ਼ਬਦ ਰੂਪ** :- ਪੰਜਾਬੀ ਭਾਸ਼ਾ ਵਿੱਚ ਸ਼ਬਦ ਰਚਨਾ ਦਾ ਇੱਕ ਅਜਿਹਾ ਅਮਲ ਹੈ ਕਿ ਦੋ ਧਾਤੂ ਸਮਾਸਵਿਧੀ ਨਾਲ ਜੁੜ ਕੇ ਨਵਾਂ ਸ਼ਬਦ ਰਚਦੇ ਹਨ। ਜੋ ਕਿ ਸ਼ਬਦ ਰੂਪ ਦੇ ਤੌਰ ਤੇ ਕਾਰਜ ਕਰਦਾ ਹੈ। ਜਿਵੇਂ :-

| | |
|---|---|
| ਮਨਮੁਖ | ਮਨ + ਮੁਖ |
| ਗੁਰਮੁਖ | ਗੁਰ + ਮੁਖ |
| ਸਿਰਫਿਰਾ | ਸਿਰ + ਫਿਰਾ |
| ਧਜ਼ਘੋਲਾ | ਧਜ਼ + ਘੋਲਾ |

ਇਸ ਵਿਉਤਪਤੀ ਦੇ ਪੱਖ ਤੋਂ ਅਜਿਹੀ ਰਚਨਾ ਵਾਲੇ ਸ਼ਬਦਾਂ ਨੂੰ ਯੋਗਰੂੜ੍ਹ ਕਿਹਾ ਜਾਂਦਾ ਹੈ। ਇਹਨਾਂ ਵਿੱਚ ਸਮਾਸਵਿਧੀ ਨਾਲ ਜੁੜੇ ਧਾਤੂ ਅਲੱਗ-2 ਕਾਰਜ ਨਹੀਂ ਕਰਦੇ, ਸਗੋਂ ਸ਼ਬਦ ਰਚਨਾ ਉਪਰੰਤ ਇੱਕ ਸ਼ਬਦ ਦੇ ਤੌਰ ਤੇ ਇਸਤੇਮਾਲ ਹੁੰਦੇ ਹਨ। ਇਹਨਾਂ ਦੇ ਅੱਗੋਂ ਹੋਰ ਵਿਕਾਰੀ ਰੂਪ ਬਣਾਏ ਜਾ ਸਕਦੇ ਹਨ। ਜਿਵੇਂ :-

- ਗੁਰਮੁਖ, ਗੁਰਮੁਖਾਂ, ਗੁਰਮੁਖੇ, ਗੁਰਮੁਖੀਏ, ਗੁਰਮੁਖੜਾ

- ਸਿਰਫਿਰਾ, ਸਿਰਫਿਰੇ, ਸਿਰਫਿਰਿਓ, ਸਿਰਫਿਰਿਆ, ਸਿਰਫਿਰਿਆਂ

3. <u>ਦੋਗਲੇ ਸ਼ਬਦ ਮੂਲ</u> :- ਸ਼ਬਦਾਂ ਦੀ ਅੰਦਰੂਨੀ ਰਚਨਾ ਕ੍ਰਮ ਵਿੱਚ ਇੱਕ ਧਾਤੂ ਜਾਂ ਸ਼ਬਦ ਨੂੰ ਦੋਹਰਾਇਆ ਗਿਆ ਹੋਵੇ ਜਿਵੇਂ:- ਘਰੋਂ-ਘਰ, ਹੱਥੋਂ-ਹੱਥ, ਸਿਰੋਂ-ਸਿਰ, ਬਣ-ਬਣਾ ਇਨ੍ਹਾਂ ਨਾਲ ਪਿਛੇਤਰ ਜੋੜ ਕੇ ਨਵੇਂ ਰੁਪਾਂਤਰ ਵੀ ਬਣਾਏ ਜਾ ਸਕਦੇ ਹਨ। ਘਰੋਂ-ਘਰੀ, ਸਰਸਰਾਉਣਾ ਆਦਿ।

ਉਪਰੋਕਤ ਤਿੰਨ ਤਰ੍ਹਾਂ ਦੇ ਸ਼ਬਦ ਮੂਲ ਸ਼ਬਦ ਰਚਨਾ ਵਿੱਚ ਕਾਰਜਸ਼ੀਲ ਹੁੰਦੇ ਹਨ, ਕਿ ਇਹ ਉਨ੍ਹਾਂ ਵਿੱਚ ਪਹਿਲੀ ਕਾਰਜਸ਼ੀਲਤਾ ਵਿਕਾਰੀ ਧਾਤੂਆਂ ਦੀ ਹੈ, ਇਹ ਧਾਤੂ ਮੂਲ ਆਪਣੇ ਆਪ ਵਿੱਚ ਸ਼ਬਦ ਵੀ ਹਨ। ਅਰਥਾਤ ਇਨ੍ਹਾਂ ਰੂਪ ਇੱਕ ਦੀ ਸੁਤੰਤਰ ਰੂਪ ਵਿੱਚ ਵਾਕ ਵਿੱਚ ਵਰਤੋਂ ਕੀਤੀ ਜਾ ਸਕਦੀ ਹੈ, ਇਨ੍ਹਾਂ ਸਾਰਿਆਂ ਨਾਲ ਵਿਚੇਤਰ ਲਗਾ ਕੇ ਸ਼ਬਦ ਰੂਪਾਂਤਰ ਕੀਤਾ ਜਾ ਸਕਦਾ ਹੈ। ਸਮਾਸੀ ਸ਼ਬਦ ਮੂਲ ਅਤੇ ਦੋਗਲੇ ਧਾਤੂਆਂ ਨਾਲ ਕੇਵਲ ਪਿਛੇਤਰ ਹੀ ਲੱਗ ਸਕਦੇ ਹਨ। ਪਰੰਤੂ ਉਪਰੋਕਤ ਭਾਸ਼ਾ ਤੱਤਾਂ ਦੀ ਕਾਰਜਸ਼ੀਲਤਾ ਨਾਲ ਦੋ ਪ੍ਰਕਾਰ ਦੀ ਸ਼ਬਦ ਰਚਨਾ ਹੁੰਦੀ ਹੈ।

(i) ਧਾਤੂ ਤੋਂ ਸ਼ਬਦ ਮੂਲ ਦੀ ਰਚਨਾ
(ii) ਵਿਚੇਤਰ ਜੋੜ ਕੇ ਸ਼ਬਦ ਰਚਨਾ

ਪੰਜਾਬੀ ਭਾਸ਼ਾ ਦੀ ਸ਼ਬਦ ਰਚਨਾ ਦਾ ਗਹੁ ਨਾਲ ਦੇਖਿਆ ਪਤਾ ਲੱਗਦਾ ਹੈ ਕਿ ਪੰਜਾਬੀ ਵਿੱਚ ਇਨ੍ਹਾਂ ਦੋਹਾਂ ਤੱਤਾਂ ਨਾਲ ਸ਼ਬਦ ਰਚਨਾ ਹੁੰਦੀ ਹੈ। ਜਦ ਅਸੀਂ ਪਿਛੇਤਰਾਂ ਦੀ ਕਾਰਜਸ਼ੀਲਤਾ ਵੱਲ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਭਾਸ਼ਕ ਤੱਤ ਤਿੰਨ ਤਰ੍ਹਾਂ ਦੇ ਸ਼ਬਦ ਮੂਲਾਂ ਨਾਲ ਲਾਏ ਜਾ ਸਕਦੇ ਹਨ, ਜਦੋਂ ਅਗੇਤਰਾਂ ਦੀ ਵਰਤੋਂ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ

ਕਿ ਅਗੇਤਰ ਕੇਵਲ ਇਕਹਿਰੇ ਸ਼ਬਦ ਮੂਲ ਨਾਲ ਹੀ ਲੱਗਦੇ ਹਨ। ਪੰਜਾਬੀ ਵਿੱਚ ਅਗੇਤਰ ਅਤੇ ਪਿਛੇਤਰ ਤਾਂ ਆਮ ਮਿਲਦੇ ਹਨ ਜਦਕਿ ਮਧੇਤਰ ਦੀਆਂ ਉਦਾਹਰਨਾਂ ਨਾ ਮਾਤਰ ਹੀ ਮਿਲਦੀਆਂ ਹਨ।

1. ਪਿਛੇਤਰ ਦੀ ਵਰਤੋਂ ਨਾਲ ਬਣਨ ਵਾਲੇ ਸ਼ਬਦ
2. ਅਗੇਤਰ ਦੀ ਵਰਤੋਂ ਨਾਲ ਬਣਨ ਵਾਲੇ ਸ਼ਬਦ

1. ਪਿਛੇਤਰ ਦੀ ਵਰਤੋਂ ਨਾਲ ਬਣਨ ਵਾਲੇ ਸ਼ਬਦ:-

ਜਿਸ ਸ਼ਬਦ ਦੇ ਪਿੱਛੇ ਲੱਗਣ ਵਾਲੇ ਭਾਸ਼ਰ ਨੂੰ ਪਿਛੇਤਰ ਕਿਹਾ ਜਾਂਦਾ ਹੈ। ਪਿਛੇਤਰ ਨਾਲ ਸ਼ਬਦ ਵਿਸਤਾਰ ਹੁੰਦਾ ਹੈ, ਨਵੇਂ ਸ਼ਬਦ ਬਣਦੇ ਹਨ। ਸ਼ਬਦ ਰੂਪਾਂਤਰਣ ਹੁੰਦਾ ਹੈ ਪਿਛੇਤਰਾਂ ਦੀ ਵਰਤੋਂ ਨਾਲ ਕਈ ਸ਼੍ਰੇਣੀਆਂ ਦੇ ਸ਼ਬਦਾਂ ਦੀ ਰਚਨਾ ਹੁੰਦੀ ਹੈ। ਮੁੱਖ ਤੌਰ ਤੇ ਪਿਛੇਤਰਾਂ ਦੀ ਵਰਤੋਂ ਨਾਲ ਇਹ ਸ਼ਬਦ ਬਣਦੇ ਹਨ

(ੳ) ਨਾਂਵ ਤੋਂ ਨਾਂਵ :- ਪਿਛੇਤਰ ਭਾਸ਼ਾ ਤੱਤਾਂ ਦੀ ਵਰਤੋਂ ਨਾਲ ਨਾਂਵ ਤੋਂ ਨਾਂਵ ਸ਼੍ਰੇਣੀ ਦੇ ਨਵੇਂ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ।

1. ਪੁਲਿੰਗ ਤੋਂ ਇਸਤਰੀ ਲਿੰਗ :- ਪੰਜਾਬੀ ਪਿਛੇਤਰਾਂ ਦਾ ਇੱਕ ਵਰਗ ਅਜਿਹਾ ਹੈ ਜੋ ਪੁਲਿੰਗ ਤੋਂ ਇਸਤਰੀ ਲਿੰਗ ਨਾਂਵਾਂ ਦੀ ਰਚਨਾ ਕਰਦਾ ਹੈ। ਇਹ ਮੁੱਖ ਤੌਰ ਤੇ ਹੇਠ ਲਿਖੇ ਹਨ।

ਮੁਕਤਾ ਅੰਤਕ ਅਤੇ 'ਆ' ਅੰਤਕ ਪੁਲਿੰਗ ਲਿੰਗ ਨਾਂਵਾਂ ਤੋਂ ਇਸਤਰੀ ਲਿੰਗ ਨਾਂਵੀ ਸ਼ਬਦਾਂ ਦੀ ਰਚਨਾ ਕਰਨ ਲਈ 'ਈ' ਅੰਤਕ ਇਸਤਰੀ ਲਿੰਗ ਦਾ ਪਿਛੇਤਰ ਵਰਤਿਆ ਜਾਂਦਾ ਹੈ। ਜਿਵੇਂ:-

Date ______
Page ______

| ਪੁਲਿੰਗ | ਇਸਤਰੀ ਲਿੰਗ |
|---|---|
| ਕਬੂਤਰ | ਕਬੂਤਰੀ |
| ਚਾਚਾ | ਚਾਚੀ |
| ਘਸਿਆਰਾ | ਘਸਿਆਰੀ |
| ਪੁਜਿਆਰ | ਪੁਜਿਆਰੀ |
| ਜੱਟ | ਜੱਟੀ |
| ਕੁੱਕੜ | ਕੁੱਕੜੀ |

'ਆ' ਅੰਤਕ ਪੁਲਿੰਗ ਨਾਂਵਾਂ ਵਿੱਚ 'ਆ' ਦੀ ਥਾਂ ਤੇ 'ਈ' ਪਿਛੇਤਰ ਨਾਲ ਇਸਤਰੀ ਲਿੰਗ ਨਾਂਵਾਂ ਦੀ ਰਚਨਾ ਹੁੰਦੀ ਹੈ। ਜਿਵੇਂ:-

| | |
|---|---|
| ਮੋਟਾ | ਮੋਟੀ |
| ਬਕਰਾ | ਬਕਰੀ |
| ਤੂਰਾ | ਤੂਰੀ |

'ਨੀ' ਪਿਛੇਤਰ ਲਗਾ ਕੇ ਪੁਲਿੰਗ ਤੋਂ ਇਸਤਰੀ ਲਿੰਗ ਨਾਂਵਾਂ ਦੀ ਰਚਨਾ ਹੁੰਦੀ ਹੈ, ਜਿਵੇਂ:-

| | |
|---|---|
| ~~ਠਾਣੇਦਾਰ~~ | ਠਾਣੇਦਾਰਨੀ |
| ਚੋਰ | ਚੋਰਨੀ |
| ਲੰਬਰਦਾਰ | ਲੰਬਰਦਾਰਨੀ |

'ਆਣੀ' ਪਿਛੇਤਰ ਜੋੜ ਕੇ ਵੀ ਇਸਤਰੀ ਲਿੰਗ ਨਾਂਵੀ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ। ਜਿਵੇਂ:-

| | |
|---|---|
| ਦਿਉਰ | ਦਿਉਰਾਣੀ |
| ਸੇਠ | ਸੇਠਾਣੀ |
| ਮਾਸਟਰ | ਮਾਸਟਰਾਣੀ |

'ਣੀ' ਪਿਛੇਤਰ ਜੋੜ ਕੇ ਇਸਤਰੀ ਲਿੰਗ ਨਾਂਵਾਂ ਦੀ ਰਚਨਾ ਕੀਤੀ ਹੈ। ਜਿਵੇਂ:-

| | |
|---|---|
| ਮਹੰਤ | ਮਹੰਤਣੀ |
| ਭਗਤ | ਭਗਤਣੀ |
| ਸੰਤ | ਸੰਤਣੀ |

'ਈ' ਅੰਤਕ ਪੁਲਿੰਗ ਨਾਂਵਾਂ ਦੇ 'ਈ' ਅੰਤਕ ਦੀ ਥਾਂ 'ਣ' ਲਗਾ ਕੇ ਇਸਤਰੀ ਲਿੰਗ ਨਾਂਵਾਂ ਦੀ ਰਚਨਾ ਦੀ ਕੀਤੀ ਜਾਂਦੀ ਹੈ, ਜਿਵੇਂ:-

| | |
|---|---|
| ਧੋਬੀ | ਧੋਬਣ |
| ਮਾਲੀ | ਮਾਲਣ |
| ਲਾਗੀ | ਲਾਗਣ |

ਪੰਜਾਬੀ ਵਿੱਚ ਨਾਂਵਾਂ ਦਾ ਅਜਿਹਾ ਵਰਗ ਵੀ ਮਿਲਦਾ ਹੈ ਜੋ ਦੂਸਰੇ ਢੰਗ ਨਾਲ ਇਸਤਰੀ ਲਿੰਗ ਤੋਂ ਪੁਲਿੰਗ ਬਣਦਾ ਹੈ:

| ਇਸਤਰੀ ਲਿੰਗ | ਪੁਲਿੰਗ | ਪਿਛੇਤਰ |
|---|---|---|
| ਭੈਣ | ਭਣਵਈਆ | ਵਈਆ |
| ਨਨਾਣ | ਨਣਵਈਆ | ਵਈਆ |
| ਪਤੀਸ | ਪਤਿਉਰਾ | ਇਉਰਾ |
| ਮਸੇਸ | ਮਸਿਉੜਾ | ਇਉੜਾ |

(ਅ) ਪਿਛੇਤਰਾਂ ਨਾਲ ਵਿਸ਼ੇਸ਼ਣ:- ਪਿਛੇਤਰ ਭਾਸ਼ਾ ਤੱਤਾਂ ਦੀ ਵਰਤੋਂ ਨਾਲ ਨਾਂਵ ਸ਼੍ਰੇਣੀ ਦੇ ਸ਼ਬਦਾਂ ਤੋਂ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦਾਂ ਦੀ ਰਚਨਾ ਹੇਠ ਲਿਖੇ ਅਨੁਸਾਰ ਹੁੰਦੀ ਹੈ:-

ਮੁਕਤਾ ਅੰਤਕ ਨਾਂਵਾਂ ਨੂੰ 'ਆ' ਕਰਕੇ ਜਿਵੇਂ:-

| | |
|---|---|
| ਭੁੱਖ | ਭੁੱਖਾ |
| ਭਾਰ | ਭਾਰਾ |

ਸੱਚ ਸੱਚਾ

ਇਸੇ ਤਰ੍ਹਾਂ ਕੁਝ ਅੰਤਰ ਨਾਂਵ ਸ਼ਬਦ ਨਾਲ 'ਈ' ਪਿਛੇਤਰ ਲਾ ਕੇ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ, ਜਿਵੇਂ:-

ਭੁੱਖ ਭੁੱਖੀ

ਆਲਸ ਆਲਸੀ

'ਊ' ਲਾ ਕੇ ~~ਸ਼ਬ~~ ਵਿਸ਼ੇਸ਼ਣ ਸ਼ਬਦਾਂ ਦੀ ਰਚਨਾ ਦੀ ਹੁੰਦੀ ਹੈ, ਜਿਵੇਂ:-

ਪਿੰਡ ਪੇਂਡੂ

ਗਾੜ ਗਾੜੂ

'ਈਲਾ' ਲਾ ਕੇ ਨਾਂਵਾਂ ਤੋਂ ਵਿਸ਼ੇਸ਼ਣ ਦੀ ਰਚਨਾ —

ਪੱਥਰ ਪਥਰੀਲਾ

ਜ਼ਹਿਰ ਜ਼ਹਿਰੀਲਾ

'ਅਲ' ਲਾ ਕੇ ਨਾਂਵਾਂ ਤੋਂ ਵਿਸ਼ੇਸ਼ਣ ਦੀ ਰਚਨਾ-

ਜ਼ਤ ਜ਼ਤਲ

ਢਿੱਡ ਢਿੱਡਲ

ਮੁੱਛ ਮੁੱਛਲ

'ਲਾ' ਪਿਛੇਤਰ ਦੇ ਵਰਤੋਂ ਨਾਲ ਨਾਂਵਾਂ ਤੋਂ ਵਿਸ਼ੇਸ਼ਣਾਂ ਦੀ ਰਚਨਾ —

ਵਿਚਕਾਰ ਵਿਚਕਾਰਲਾ

ਅੰਦਰ ਅੰਦਰਲਾ

ਬਾਹਰ ਬਾਹਰਲਾ

ਅਖੀਰ ਅਖੀਰਲਾ

'ਲੂ' ਦੀ ਵਰਤੋਂ ਨਾਲ ਵਿਸ਼ੇਸ਼ਣਾਂ ਦੀ ਰਚਨਾ -

ਝਗੜਾ      ਝਗੜਾਲੂ
ਕਿਰਪਾ      ਕਿਰਪਾਲੂ
ਦਇਆ      ਦਿਆਲੂ

'ਅਕ' ਦੀ ਵਰਤੋਂ ਨਾਲ ਵਿਸ਼ੇਸ਼ਣ ਦੀ ਰਚਨਾ -

ਸਮਾਜ      ਸਮਾਜਕ
ਇਤਿਹਾਸ      ਇਤਿਹਾਸਕ

ਇਸੇ ਤਰ੍ਹਾਂ 'ਜਨਕ', 'ਮਈ', 'ਵਾਨ' ਲਾ ਕੇ, 'ਦਾਈ'/'ਦਾਇਕ' ਲਾ ਕੇ ਵਿਸ਼ੇਸ਼ਣਾਂ ਦੀ ਰਚਨਾ ਕੀਤੀ ਜਾਂਦੀ ਹੈ, ਜਿਵੇਂ :-

ਭਰੋਸਾ      ਭਰੋਸੇਜਨਕ
ਨਿਰਾਸ਼ਾ      ਨਿਰਾਸ਼ਾਜਨਕ
ਹੁਲਾਸ      ਹੁਲਾਸਮਈ
ਕਰੋਧ      ਕਰੋਧਵਾਨ
ਬਲ      ਬਲਵਾਨ
ਸੁਖ      ਸੁਖਦਾਈ / ਸੁਖਦਾਇਕ

(ੲ) ਪਿਛੇਤਰ ਨਾਲ ਵਿਸ਼ੇਸ਼ਣਾਂ ਤੋਂ ਨਾਂਵ :- ਪਿਛੇਤਰ ਦੀ ਵਰਤੋਂ ਕਰਕੇ ਵਿਸ਼ੇਸ਼ਣ ਤੋਂ ਨਾਂਵ ਦੀ ਰਚਨਾ ਕੀਤੀ ਜਾਂਦੀ ਹੈ, ਜਿਵੇਂ :-

ਮਾਲਕ      ਮਾਲਕੀ
ਨੇਕ      ਨੇਕੀ
ਖੁਸ਼      ਖੁਸ਼ੀ
ਕਮਜ਼ੋਰ      ਕਮਜ਼ੋਰੀ

'ਆ' ਅੰਤ ਨੂੰ 'ਇਆਈ' ਅੰਤਰ ਕਰਕੇ

ਭਲਾ      ਭਲਿਆਈ
ਪੱਕਾ      ਪਕਿਆਈ

'ਤਾ' ਦੇ ਵਧੇਤਰ ਨਾਲ ਭਾਵ ਵਾਚਕ ਨਾਂਵਾਂ ਦੀ ਰਚਨਾ ਹੁੰਦੀ ਹੈ, ਜਿਵੇਂ:-

| | |
|---|---|
| ਇਕਾਗਰ | ਇਕਾਗਰਤਾ |
| ਮੂਰਖ | ਮੂਰਖਤਾ |
| ਵਿਸ਼ੇਸ਼ | ਵਿਸ਼ੇਸ਼ਤਾ |

'ਪਣ' ਦੇ ਵਧੇਤਰ ਲਗਕੇ, ਜਿਵੇਂ:-

| | |
|---|---|
| ਕਮੀਨਾ | ਕਮੀਨਾਪਣ |
| ਹੋਛਾ | ਹੋਛਾਪਣ |
| ਗੰਦਲਾ | ਗੰਦਲਾਪਣ |

(ਸ) ਕਿਰਿਆਵੀ ਸ਼ਬਦਾਂ ਨੂੰ ਪਿਛੇਤਰ ਲਾ ਕੇ ਨਾਂਵ ਸ਼ਬਦਾਂ ਦੀ ਰਚਨਾ ਹੁੰਦੀ ਹੈ। 'ਆ' ਲਾ ਕੇ, ਜਿਵੇਂ:-

| | |
|---|---|
| ਰੱਖ | ਰਖਾ |
| ਖਿੱਚ | ਖਿਚਾਅ |

'ਆਈ' ਲਾ ਕੇ, ਜਿਵੇਂ:-

| | |
|---|---|
| ਕੱਤ | ਕਤਾਈ |
| ਲਿਖ | ਲਿਖਾਈ |
| ਕੱਢ | ਕਢਾਈ |

ਉਪਰ ਲਿਖਤ ਪਿਛੇਤਰਾਂ ਦੇ ਜੋੜ ਨਾਲ ਸ਼ਬਦ ਰਚਨਾ ਦਾ ਅਮਲ ਅਸਾਂ ਵੇਖਿਆ ਹੈ। ਪਿਛੇਤਰਾਂ ਨਾਲ ਸ਼ਬਦ ਰਚਨਾ ਦਾ ਦਾਇਰਾ ਬੜਾ ਵਿਸ਼ਾਲ ਹੈ। ਪਿਛੇਤਰਾਂ ਰਾਹੀਂ ਸ਼ਬਦ ਰਚਨਾ ਦੀਆਂ ਪ੍ਰਮੁੱਖ ਜੁਗਤਾਂ ਦਾ ਜ਼ਿਕਰ ਹੀ ਉਪਰ ਕੀਤਾ ਗਿਆ ਹੈ।

2.) **ਅਗੇਤਰ ਨਾਲ ਸ਼ਬਦ ਰਚਨਾ:-** ਅਗੇਤਰ ਤੋਂ ਭਾਵ ਉਹਨਾਂ ਭਾਸ਼ਕ ਤੱਤਾਂ ਤੋਂ ਹੈ ਜੋ ਕਿਸੇ ਸ਼ਬਦ ਦੇ ਮੂਹਰੇ ਜੁੜ ਕੇ ਨਵਾਂ ਸ਼ਬਦ ਘੜਦੇ ਹ

ਪੰਜਾਬੀ ਵਿੱਚ ਸ਼ਬਦ ਰਚਨਾ ਦੇ ਖੇਤਰ ਵਿੱਚ
ਅਗੇਤਰਾਂ ਦੇ ਦੀ ਲੰਬੀ ਸੂਚੀ ਹੈ।

ਉਪ (ਛੋਟਾ) - ਉਪਵਾਕ, ਉਪਨਾਮ, ਉਪਪ੍ਰਧਾਨ
ਅਣ - ਅਣਸੁਖਿਆ, ਅਣਪੜਿਆ, ਅਣਗਹਿਤ
ਅਪ - ਅਪਜਸ, ਅਪਸ਼ਗਨ, ਅਪਮਾਨ
ਅੱਧ - ਅਧਖੜ, ਅਧ ਖੁੱਲ੍ਹਾ, ਅਧਵਾਟੇ
ਅਣ - ਅਣਪੜ੍ਹ, ਅਣਘੜ, ਅਣਬਣ, ਅਣਜੋੜ
ਸੁ - ਸੁਪੁੱਤਰ, ਸੁਭਾਗ, ਸੁਲੱਖਣ,
ਸਬ - ਸਬ ਕਮੇਟੀ, ਸਬ ਰਜਿਸਟਰਾਰ, ਸਬ ਇੰਸਪੈਕਟਰ
ਸਵੈ - ਸਵੈਮਾਣ, ਸਵੈਜੀਵਨੀ, ਸਵੈਵਿਸ਼ਵਾਸ
ਸ਼ਾਹ - ਸ਼ਾਹਕਾਰ, ਸ਼ਾਹਸਵਾਰ
ਕੁ - ਕੁਕਰਮ, ਕੁਢਲਾ, ਕੁਲੱਛਣ, ਕੁਰੀਤੀ
ਖੁਸ਼ - ਖੁਸ਼ਕਿਸਮਤ, ਖੁਸ਼ ਨਸੀਬ
ਨਿਰ - ਨਿਰਸੰਦੇਹ, ਨਿਰਧਨ, ਨਿਰਭਉ
ਪਰ - ਪਰਉਪਕਾਰ, ਪਰਸੁਆਰਥ, ਪਰਨਾਰੀ
ਬਦ - ਬਦਸੂਰਤ, ਬਦਕਾਰ, ਬਦਨਾਮ, ਬਦਬੂ
ਬੇ - ਬੇਸਮਝ, ਬੇਅੰਤ, ਬੇਦਾਗ, ਬੇਗੁਨਾਹ
ਮਨ - ਮਨਖੱਟੂ, ਮਨਘੜਤ, ਮਨਹੂਸ

ਅਸੀਂ ਵੇਖਦੇ ਹਾਂ ਕਿ ਅਗੇਤਰਾਂ ਦੀ ਇੱਕ ਲੰਬੀ ਸੂਚੀ ਹੈ ਜਿਨ੍ਹਾਂ ਰਾਹੀਂ ਸ਼ਬਦ ਰਚਨਾ ਹੁੰਦੀ ਹੈ। ਪੰਜਾਬੀ ਵਿੱਚ ਜ਼ਿਆਦਾਤਰ ਅਗੇਤਰ ਉਰਦੂ, ਫ਼ਾਰਸੀ ਭਾਸ਼ਾ ਤੋਂ ਆਏ ਹਨ ਉਰਦੂ ਫ਼ਾਰਸੀ ਵਿੱਚ ਅਗੇਤਰਾਂ ਰਾਹੀਂ ਸ਼ਬਦ ਰਚਨਾ ਦਾ ਵਿਸ਼ਾਲ ਪ੍ਰਬੰਧ ਹੈ।